Akhand Keertanee Jathaa

੧੦ ਨਵੰਬਰ ੨੦੧੫, ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਣ ਵਾਲੇ ਸਰਬਤ ਖਾਲਸਾ ਸਮਾਗਮ ਵਿਚ ਅਖੰਡ ਕੀਰਤਨੀ ਜਥੇ ਵਲੋਂ ਹਿੱਸਾ ਲੈਣ ਦੇ ਮੁੱਦੇ ਨੂੰ ਵਿਚਾਰਨ ਲਈ ਅੱਜ ਤਰੀਕ ੭ ਨਵੰਬਰ ੨੦੧੫ ਨੂੰ ਸਾਰੇ ਸੰਸਾਰ ਦੇ ਅਖੰਡ ਕੀਰਤਨੀ ਜਥੇ ਦੇ ਯੂਨਿਟਾਂ ਦੇ ਨੁਮਾਇੰਦਿਆਂ ਦੀ ਇਕ ਜਰੂਰੀ ਮੀਟਿੰਗ ਕਾਨਫਰੰਸ ਕਾਲ ਰਾਹੀਂ ਕੀਤੀ ਗਈ। ਇਸ ਮੀਟਿੰਗ ਵਿਚ ਵੱਖ ੨ ਦੇਸ਼ਾਂ ਦੇ ਜਿਵੇਂ ਕਿ ਭਾਰਤ,ਇੰਗਲੈਂਡ,ਅਮਰੀਕਾ,ਕਨੇਡਾ,ਜਰਮਨੀ,ਫਰਾਂਸ,ਆਸਟਰੇਲੀਆ ਅਤੇ ਹੋਰ ਦੇਸ਼ਾਂ ਤੋਂ ਤਕਰੀਬਨ ੪੦ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਜਥੇਦਾਰ ਭਾਈ ਬਖਸ਼ੀਸ਼ ਸਿੰਘ ਜੀ ਦੀ ਪ੍ਰਧਾਨਗੀ ਹੇਠ ਤਕਰੀਬਨ ੩ ਘੰਟੇ ਚਲੀ ਇਸ ਮੀਟਿੰਗ ਵਿਚ ਕਾਫੀ ਗੰਭੀਰ ਵਿਚਾਰਾ ਕੀਤੀਆਂ ਗਈਆਂ ਅਤੇ ਸਰਬੱਤ ਖਾਲਸਾ ਇਕੱਠ ਵਿਚ ਪ੍ਰਬੰਧਕਾਂ ਵਲੋਂ ਪੇਸ਼ ਕੀਤੇ ਜਾਣ ਵਾਲੇ ਮਤਿਆਂ ਬਾਰੇ ਵੀ ਵਿਚਾਰ ਕੀਤੀ ਗਈ ਅਤੇ ਨਾਲ ਹੀ ਇਹਨਾਂ ਮਤਿਆਂ ਤੇ ਸਹਿਮਤੀ ਦੇ ਨਾਲ ਹੀ ਕੁਝ ਮਤੇ ਅੰਖਡ ਕੀਰਤਨੀ ਜਥੇ ਵਲੋਂ ਵੀ ਪਾਸ ਕੀਤੇ ਗਏ ਜੋ ਕਿ ਸਰਬੱਤ ਖਾਲਸਾ ਦੇ ਪ੍ਰੰਬਧਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ।

ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਤਖਤ ਸਾਹਿਬਾਨਾ ਦੇ ਜਥੇਦਾਰਾਂ ਵਲੋਂ ਪਿਛਲੇ ਸਮੇਂ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਛਿੱਕੇ ਟੰਗ ਕੇ ਅਤੇ ਬਾਦਲ ਦਲ ਦੇ ਹੱਥ ਠੋਕੇ ਬਣ ਕੇ ਬਹੁਤ ਸਾਰੇ ਐਸੇ ਫੈਸਲੇ ਕੀਤੇ ਗਏ ਜਿਸ ਨਾਲ ਸ੍ਰੀ ਅਕਾਲ ਤਖਤ ਦੀ ਮਾਣ ਮਰਿਆਦਾ ਨੂੰ ਭਾਰੀ ਠੇਸ ਪਹੁੰਚੀ ਹੈ। ਜਿਵੇਂ ਕਿ ਹੁਣੇ ਹੀ ਸੌਦਾ ਸਾਧ ਨੂੰ ਮੁਆਫ ਕਰਨ ਵਾਲਾ ਫੈਸਲਾ ਅਤੇ ਨਾਲ ਹੀ ਆਪਣੇ ਉਸ ਫੈਸਲੇ ਨੂੰ ਰੱਦ ਕਰਨਾ।ਇਸੇ ਤਰਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਨੂੰ ਮੁਅਤਲ ਕਰਕੇ ਅਤੇ ਫਿਰ ਬਹਾਲ ਕਰਨ ਦਾ ਮਾਮਲਾ ਬਹੁਤ ਹੀ ਗੰਭੀਰ ਹੈ।

ਇਸ ਵੇਲੇ ਸਿੱਖ ਕੌਮ ਇਕ ਬਹੁਤ ਹੀ ਗੰਭੀਰ ਸੰਕਟ ਵਿਚੋਂ ਗੁਜਰ ਰਹੀ ਹੈ। ਪੰਜਾਬ ਵਿਚ ਥਾਂ ੨ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤਰ ਸਰੂਪਾਂ ਦੀ ਇਕ ਗਿਣੀ ਮਿੱਥੀ ਸਾਜਿਸ਼ ਅਧੀਨ ਘੋਰ ਬੇਅਦਬੀ ਕੀਤੀ ਜਾ ਰਹੀ ਹੈ। ਬਾਦਲ ਦੀ ਸਰਕਾਰ ਅਤੇ ਪੁਲਿਸ ਵਲੋਂ ਸ਼ਾਤਮਈ ਧਰਨਿਆਂ ਤੇ ਬੈਠੇ ਸਿਖਾਂ ਉਪਰ ਅੰਨੇਵਾਹ ਡਾਂਗਾਂ ਅਤੇ ਗੋਲੀਆਂ ਚਲਾਕੇ ਜਖਮੀ ਅਤੇ ਸ਼ਹੀਦ ਕੀਤਾ ਜਾ ਰਿਹਾ ਹੈ। ਐਸੇ ਸੰਕਟਮਈ ਸਮੇਂ ਵਿਚ ਸਿੱਖ ਕੌਮ ਨੂੰ ਇਕ ਜੁਟ ਹੋ ਕੇ ਸੰਘਰਸ਼ ਕਰਨ ਦੀ ਸਖਤ ਲੋੜ ਹੈ। ਇਸ ਵਿਚ ਕੋਈ ਸ਼ਕ ਨਹੀ ਕਿ ਵੱਖ ੨ ਪੰਥਕ ਜਥੇਬੰਦੀਆਂ ਵਿਚ ੧੦ ਨਵੰਬਰ ਦੇ ਸਰਬੱਤ ਖਾਲਸਾ ਇਕੱਠ ਨੂੰ ਲੈ ਕੇ ਵੀਚਾਰਾਂ ਵਿਚ ਕਾਫੀ ਮਤਭੇਦ ਹਨ ਪਰ ਸਮੇਂ ਦੀ ਮੰਗ ਹੈ ਕਿ ਅਸੀਂ ਆਪਣੇ ਵੱਖਰੇਵਿਆਂ ਨੂੰ ਇਕ ਪਾਸੇ ਰੱਖ ਕੇ ੧੦ ਨਵੰਬਰ ਵਾਲੇ ਇਕੱਠ ਵਿਚ ਜਥੇਬੰਦਕ ਤੌਰ ਤੇ ਸ਼ਾਮਿਲ ਹੋਕੇ,ਸਿੱਖ ਕੌਮ ਦੀ ਚੜਦੀ ਕਲਾ ਅਤੇ ਸੁਨਹਰੇ ਭਵਿੱਖ ਲਈ ਆਪਣਾ ਯੋਗਦਾਨ ਪਾਈਏ। ਭਾਰਤ ਦੀਆਂ ਵੱਖ ੨ ਜੇਲਾਂ ਵਿਚ ਪਿਛਲੇ ਲੰਮੇ ਸਮੇਂ ਤੋਂ ਬੰਦ ਸਿਖ ਨੌਜਵਾਨਾਂ ਵਲੋਂ ਕੀਤੀ ਗਈ ਅਪੀਲ ਨੂੰ ਮੁੱਖ ਰੱਖ ਕੇ ਅਖੰਡ ਕੀਰਤਨੀ ਜਥੇ ਵਲੋਂ ਸਮੂਹ ਪੰਥਕ ਧਿਰਾਂ,ਸਿੱਖ ਸੰਗਤਾਂ ਅਤੇ ਸਖਸ਼ੀਅਤਾਂ ਨੂੰ ਬੇਨਤੀ ਹੈ ਕਿ ਇਸ ਸਰਬੱਤ ਖਾਲਸਾ ਇਕੱਠ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਹਾਜਰੀ ਲਵਾਕੇ ਪੰਥਕ ਏਕਤਾ ਦਾ ਸਬੂਤ ਦਿਤਾ ਜਾਵੇ।

Akhand Keertanee Jathaa held an International conference call on, Saturday November 7th, with representatives from India, UK, USA, Canada, Europe, and Australia to discuss the issues swirling around the calling of Sarbat Khalsa on November 10th. The meeting was presided over by Jathedar Bakshish Singh Jee.

At a time when the attacks on Khalsa Panth have reached unprecedented levels, we cannot afford to stay divided. Our brothers languishing in Indian prisons have also pleaded for Panth to come together. In the conference call, the draft of resolutions made public by organizers of the Sarbat Khalsa were discussed and deemed acceptable. In light of the above, AKJ has resolved to participate in the Sarbat Khalsa. We appeal to Sikh Sangat around the world to leave aside all differences and come together around these resolutions. We also appeal to the organizers of the Sarbat Khalsa to stay true to the spirit of these resolutions.

Akhand Keertanee Jathaa

India, UK, USA, Canada, Australia,
France, Italy, Holland & Germany